Airo National Research Journal
Volume XIII, ISSN: 2320-3914
December, 2017
Impact Factor 0.75 to 3.19
Peer Reviewed Refereed Journal
UGC Approval Number 63014

# ਬਲਬੀਰ ਮੋਮੀ ਦੀਆਂ ਕਹਾਣੀਆਂ ਦਾ ਵਿਸਾਗਤ ਅਧਿਐਨ
# ('ਸਰ ਦਾ ਬੂਝਾ' ਦੇ ਆਧਾਰ ਤੇ)

Supervisor
**Dr. Kanta**
Associate Professor
OPJS University
Chhuru, Rajasthan

**Devender Singh**
Research Scholar
OPJS University
Chhuru, Rajasthan

ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਬਲਬੀਰ ਮੋਮੀ ਬਹੁ-ਪੱਖੀ ਸਖਸ਼ੀਅਤ ਦਾ ਮਾਲਕ ਹੈ । ਭਾਵੇਂ ਉਸਨੂੰ ਪਰਵਾਸੀ ਕਹਾਣੀਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਪਰ ਉਸਦੀ ਸਖਸ਼ੀਅਤ ਦਾ ਰਹੱਸ ਇਹ ਹੈ ਕਿ ਉਹ ਇਕੋ ਵੇਲੇ ਸਵਦੇਸ਼ੀ ਅਤੇ ਪਰਵਾਸੀ ਅਨੁਭਵਾਂ ਦਾ ਮਾਲਕ ਹੈ । ਇਤਿਹਾਸ ਵਿਚ ਨਜਰ ਮਾਰਦਿਆਂ ਪਤਾ ਲਗਦਾ ਹੈ ਕਿ ਮਨੁੱਖ ਦੀ ਸਾਹਿਤਕ ਪ੍ਰਵਿਰਤੀ ਨੇ ਕਦੇ ਅੱਖ ਹੀ ਕਹਾਣੀ ਦੇ ਆਗੋਸ਼ ਵਿਚ ਖੋਲ੍ਹੀ ਸੀ । ਮਨੁੱਖ ਦੇ ਨਾਲ ਹੀ ਮਾਂ ਦੇ ਪੇਟ 'ਚੋਂ ਜਨਮ ਲੈਕੇ ਆਈ ਜਗਿਆਸਾ ਰੂਪੀ ਪ੍ਰਵਿਰਤੀ ਨੇ ਕਹਾਣੀ ਨੂੰ ਜਨਮ ਦਿੱਤਾ ਅਤੇ ਹੁਣ ਤੱਕ ਦੇ ਜੀਵਨ ਦੇ ਹਰ ਮੋੜ 'ਤੇ ਇਹ ਬੰਦੇ ਨਾਲ ਨਿਭਦੀ ਆ ਰਹੀ ਹੈ । ਇਸੇ ਤਰ੍ਹਾਂ ਬਲਬੀਰ ਮੋਮੀ ਦੀ ਜਗਿਆਸਾ ਵਾਲੀ ਅੱਖ ਨੇ ਅਪਣੀ ਅੰਤਰ ਦ੍ਰਿਸ਼ਟੀ ਨਾਲ ਜੀਵਨ ਸਫ਼ਰ ਦੇ ਹਰ ਪੜਾਅ 'ਤੇ ਕਹਾਣੀ ਨੂੰ ਅਪਣੇ ਅੰਗ ਸੰਗ ਵੇਖਿਆ ਹੈ ।

ਬਲਬੀਰ ਮੋਮੀ ਦੀ ਕਹਾਣੀਆਂ ਦਾ ਜਦੋਂ ਗਹਿਨ ਅਧਿਐਨ ਕਰਦੇ ਹਾਂ ਤਾਂ ਉਸਦੀਆਂ ਕਹਾਣੀਆਂ ਵਿਚ ਬਹੁ-ਪੱਖੀ ਵਿਸ਼ਿਆਂ ਦੀ ਝਾਤ ਨਜ਼ਰ ਆਉਂਦੀ ਹੈ ਅਤੇ ਸਾਡੇ ਸਾਹਮਣੇ ਉਸਦੀ ਕਹਾਣੀਆਂ ਵਿਚ ਦੇਸ ਵੰਡ ਦਾ ਦੁਖਾਂਤ ਰੂਪੀ ਵਿਸ਼ਾ ਸਨਮੁੱਖ ਹੁੰਦਾ ਹੈ । 1947 ਦੇ ਦੰਗਿਆ ਬਾਰੇ ਲਿਖੇ ਗਏ ਪੰਜਾਬੀ ਸਾਹਿਤ ਦਾ ਵੱਡਾ ਭਾਗ ਮਨੁੱਖ ਦੀ ਦਰਿੰਦਗੀ ਦੇ ਭਿਆਨਕ ਕਾਰਨਾਮੇ ਸਿਰਜਦਾ ਅਤੇ

ਉਪਭਾਵਕ ਪੱਧਰ 'ਤੇ ਮਨੁੱਖੀ ਵੇਦਨਾ ਦਾ ਇਜ਼ਹਾਰ ਕਰਦਾ ਹੈ । ਬਲਬੀਰ ਮੋਮੀ ਨੇ ਇਸ ਦੇਸ ਵੰਡ ਦੇ ਸੰਤਾਪ ਨੂੰ ਆਪਣੇ ਪਿੰਡੇ 'ਤੇ ਝੱਲਿਆ ਹੈ, ਪਰ ਮੋਮੀ ਦੀ ਬਿਰਤਾਂਤਕ ਦ੍ਰਿਸ਼ਟੀ ਰੁਦਨ ਕਰਨ ਦੀ ਥਾਂ ਜਿੱਥੇ ਮਨੁੱਖਤਾ ਨੂੰ ਡੂੰਘੇਰੇ ਮਾਨਵੀ ਵਿਵੇਕ ਦੀ ਪੱਧਰ ਤੋਂ ਝੰਜੋੜਦੀ ਹੈ, ਉਥੇ ਮਾਨਵਤਾ ਨੂੰ ਕਦੀਮੀ ਪ੍ਰਾਣਵੰਤ ਹੋਂਦ ਮੂਲਕ ਪਨਾਹ ਤੋਂ ਵਾਕਿਫ਼ ਕਰਵਾਉਂਦੀ ਹੈ । ਕਹਾਣੀ ਫਾਸਲਾ ਵਿਚ ਦੇਸ ਵੰਡ ਦੇ ਜਖ਼ਮਾਂ ਦਾ ਲਹੂ ਕਰਤਾਰ ਸਿੰਘ ਦੀ ਸਦੀਵੀ ਕੋੜੀ ਯਾਦ 'ਚੋਂ ਨਿਰੰਤਕ ਵਹਿ ਰਿਹਾ ਹੈ, ਜਦੋਂ ਦੇਸ ਦੀ ਵੰਡ ਹੋਈ ਤਾਂ ਬਸ਼ੀਰ ਤੇ ਅੱਲਾ ਦਿੱਤਾ ਦਰਤਾਰ ਦੇ ਗਲ ਲੱਗ ਕੇ ਰੋਏ ਸਨ ਉਹੀ ਨਹੀ ਸਨ ਚਾਹੁੰਦੇ ਕਿ ਕਰਤਾਰ ਏਥੋਂ ਚਲਾ ਜਾਵੇ । ਜਦੋਂ ਕਰਤਾਰ ਹੁਰੀਂ ਪਿੰਡ ਛੱਡ ਕੇ ਟੂਰੇ ਤਾਂ ਦੋਵੇ------ ਕਰਤਾਰ ਦੇ ਗੱਡੇ ਪਿੱਛੇ ਰੋਂਦੇ-ਰੋਂਦੇ ਤੁਰੇ ਆਉਂਦੇ ਸਨ, ਪਰ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਗਟਕ ਕੇ ਪਿੱਛੇ ਮੋੜ ਕੇ ਲੈ ਗਏ । ਕਰਤਾਰ ਨੂੰ ਅਜੇ ਤੀਕ ਉਹ ਦਿਲ ਚੀਰਵੀ ਝਾਕੀ ਨਹੀ ਭੁੱਲੀ । ਉਸਨੂੰ ਕਿੰਨ੍ਹੇ ਸਾਰੇ ਵਰ੍ਹੇ ਬੀਤਣ ਪਿਛੋਂ ਵੀ ਏਂਦਾ ਲੱਗਦਾ ਸੀ ਜਿਵੇਂ ਉਸਦਾ ਸਿਰ ਅਜੇ ਵੀ ਉਸ ਗੱਡੇ 'ਤੇ ਬੈਠਾ ਰੋਦੇਂ ਹੋਏ ਬਸ਼ੀਰੇ ਤੇ ਅੱਲਾਦਿੱਤੇ ਨੂੰ ਵੇਖ ਰਿਹਾ ਸੀ ।[1]

ਬਲਬੀਰ ਮੋਮੀ ਲਿਖਦਾ ਹੈ ਕਿ ਅਸੀਂ ਰਾਣੀਟਰ ਲੋਕ ਬਟਵਾਰੇ ਦੀ ਲੀਕ ਨੂੰ ਅਜੇ ਵੀ ਪ੍ਰਵਾਨ ਨਹੀਂ ਕਰਦੇ । ਮੋਮੀ ਦੀ ਨਜ਼ਰ ਵਿਚ ''ਕੀ ਹੋਇਆ ਜੇ ਅਸੀਂ ਦੂਰ ਹੋ ਗਏ ਹਾਂ ਸਾਡੇ ਦਿਲ ਵਿਚੋਂ ਇਕ ਨੇ । ਜੋ ਸਾਡੀਆਂ ਮਜਬੂਰੀਆਂ ਉਰਲੇ ਪਾਸੇ ਨੇ ਉਹੀ ਮਜਬੂਰੀਆਂ ਨੇ ਪਰਲੇ ਪਾਸੇ । ਜੇ ਇਧਰ ਸਾਡੇ ਦਿਲ ਧੜਕਦੇ ਨੇ ਸੱਜਣਾ ਦੇ ਗੋਰੇ ਮੁੱਖਾਂ ਨੂੰ ਤਾਂ ਉਹ ਵੀ ਤਾਂਘਦੇ ਨੇ ਸਾਡੇ ਨਾਲ ਜੱਫ਼ੀਆਂ ਪਾਣ ਲਈ । ਲੜਾਈਆਂ ਝਗੜੇ ਤਾਂ ਭਰਾਵਾਂ ਵਿਚ ਹੁੰਦੇ ਈ ਆਏ ਹਨ- - - - - - - - - - - - - - ਇਕ ਦਿਨ ਸਾਡੀ ਦੋਸਤੀ ਸਾਡੀ ਸਾਂਝ

ਇਕ ਮਿਕ ਹੋ ਜਾਣੀ ਹੈ । ਅਸੀਂ ਰਲ ਕੇ ਅਮਨਾਂ ਦੀ ਗਲ ਕਰਨੀ ਹੈ, ਇਕ-ਮਿਕ ਹੋਣ ਦੀ ਗਲ ਕਰਨੀ ਹੈ ।[2]

ਭਾਰਤ ਅਤੇ ਪਾਕਿਸਤਾਨ ਦਰਮਿਆਨ ਖਿੱਚੀ ਦੇਸ਼ ਵੰਡ ਦੀ ਲਕੀਰ ਜਿੱਥੇ ਕਹਾਣੀਕਾਰ ਮੋਮੀ ਨੂੰ ਚੁੱਭਦੀ ਹੈ, ਉਥੇ ਇਕੋ ਕਿਸਮ ਦੇ ਲੋਕਾਂ ਨੂੰ, ਜਿਨ੍ਹਾਂ ਦਾ ਬਹੁਤ ਕੁਝ ਸਾਂਝਾ ਹੈ, ਵੰਡ ਦੇਣਾ ਉਸਨੂੰ ਗੈਰ ਮਨੁੱਖੀ ਲਗਦਾ ਹੈ। ਵੰਡ ਹੋ ਗਈ ਹੈ ਤਾਂ ਫਿਰ ਆਵਾਜਾਈ ਵਿਚ ਵਿਘਨ ਕਿਉਂ ਪਾਇਆ ਜਾ ਰਿਹਾ ਹੈ । ਮੋਮੀ ਇਸ ਵਿਧਾਨ ਪਿੱਛੇ ਸ਼ਾਰਿਤ ਲੋਕਾ ਦੇ ਦਿਮਾਗ ਨੂੰ ਚੰਗੀ ਤਰ੍ਹਾਂ ਸਮਝਦਾ ਹੈ,

> ''ਇਹ ਸਾਰੇ ਝਗੜੇ-ਝੇੜੇ ਮਤਲਬ ਪ੍ਰਸਤ ਲੋਕਾਂ ਦੇ ਖੜੇ ਕੀਤੇ ਹੋਏ ਹਨ। ਵਿਚੋਂ ਦਿਲ ਬੇਤਾਬ ਨੇ ਇਕ ਦੂਜੇ ਦੇ ਦਰਸ਼ਨ-ਦਿਦਾਰਾਂ ਲਈ ।''[3]

ਬਲਬੀਰ ਮੋਮੀ ਉਸਾਰੂ ਦ੍ਰਿਸ਼ਟੀ ਵਾਲਾ ਆਸ਼ਾਵਾਦੀ ਕਹਾਣੀਕਾਰ ਹੈ, ਭਾਵੇਂ ਦੇਸ਼ ਦੀ ਵੰਡ ਨਾਲ ਸੰਬੰਧਿਤ ਕਹਾਣੀਆਂ ਵਿਚ ਉਦਾਸੀ ਵੀ ਹੈ, ਮਾਯੂਸੀ ਵੀ ਅਤੇ ਰੁਦਨ ਵੀ ਪਰ ਇਸ ਸਭ ਦੇ ਬਾਵਜੂਦ ਇਹ ਕਹਾਣੀਆਂ ਜੀਉਣ ਦੀ ਆਸ ਦਾ ਪੱਲਾ ਨਹੀਂ ਛੱਡਦੀਆਂ । ਕਿਉਂਕਿ 'ਫਾਸਲਾ' ਕਹਾਣੀ ਦੇ ਅੰਤ ਵਿਚ ਜਦੋਂ ਮੁੱਖ ਪਾਤਰ ਕਰਤਾਰ ਸਿੰਘ ਅਪਾਹਜ਼ ਬੱਚੇ ਅੱਲਾ ਰੱਖੇ ਨੂੰ ਵਿਦਾ ਕਰਦਾ ਹੈ ਤਾਂ ਅੱਲਾ ਰੱਖੇ ਦੇ ਅੱਬਾ ਨੂੰ ਅਪਾਹਜ਼ ਰੋਗ ਠੀਕ ਕਰਨ ਵਾਲੀ ਤੇਲ ਦੀ ਬੋਤਲ ਦਿੰਦਾ ਹੋਇਆ ਗਲਵਕੜੀ 'ਚ ਘੁਟਦਿਆਂ ਆਖਦਾ ਹੈ,

> ''ਭਰਾ, ਅਹਿਲੈ ਤੇਲ ਦੀ ਅੱਧੀ ਬੋਤਲ, ਜਿਸ ਦਿਨ ਇਹ ਖਤਮ ਹੋ ਜਾਵੇਗੀ, ਉਸ ਦਿਨ ਅੱਲਾ ਰੱਖਾ ਅਪਣੇ ਪੈਰਾਂ 'ਤੇ ਖੜਾ ਹੋਣ ਲੱਗ ਪਵੇਗਾ। ਉਸ ਦਿਨ ਮੈਂ ਵੀ ਆਪਣੇ ਪੈਰਾਂ ਤੇ ਖਲੋ ਕੇ ਤੇਰੇ ਪਿੰਡ ਵੱਲ ਮੂੰਹ ਕਰਕੇ ਸਲਾਮ ਆਖਾਗਾਂ । ਉਸ ਸਲਾਮ 'ਚ ਸਾਡੇ

Airo National Research Journal
Volume XIII, ISSN: 2320-3914
December, 2017
Impact Factor 0.75 to 3.19
Peer Reviewed Refereed Journal
UGC Approval Number 63014

ਮੁਲਕ ਤੇ ਮੁਲਕ ਦੇ ਦਰਮਿਆਨ ਮੁਹੱਬਤ ਤੇ ਮਿਲਾਪ ਦਾ ਪੈਗਾਮ ਹੋਵੇਗਾ।''[4]

ਬਲਬੀਰ ਮੋਮੀ ਉਹ ਕਹਾਣੀਕਾਰ ਹੈ ਜਿਸਨੂੰ ਮਨੁੱਖਤਾ ਦਾ ਮੋਹ ਹੈ, ਅਪਣੀ ਧਰਤੀ, ਅਪਣੀ ਮਿੱਟੀ ਅਤੇ ਅਪਣੇ ਲੋਕਾਂ ਦਾ ਮੋਹ ਹੈ । ਮੋਮੀ ਪਿੰਡ ਦਾ ਜੰਮਪਲ ਅਤੇ ਕਿਸਾਨ ਦਾ ਪੁੱਤਰ ਹੋਣ ਕਾਰਨ ਇਹ ਮੋਹ-ਤੱਦਾਂ ਉਸਦੀਆਂ ਲਗਭਗ ਸਾਰੀਆਂ ਰਚਨਾਵਾਂ ਦੇ ਆਰ-ਪਾਰ ਫੈਲੀਆਂ ਹੋਈਆਂ ਹਨ। ਕਿਸਾਨੀ ਜੀਵਨ ਨੂੰ ਵਿਸ਼ਾ ਬਣਾਉਂਦੀ ਉਸਦੀ ਕਹਾਣੀ 'ਮਾਂ-ਪੁੱਤ' ਨੂੰ ਦੇਖਿਆ ਜਾ ਸਕਦਾ ਹੈ ਜਿਸ ਵਿੱਚ ਉਪਰੋਕਤ ਵਿਸ਼ੇ ਦੀ ਬੜੀ ਢੁਕਵੀ ਮਿਸਾਲ ਮਿਲਦੀ ਹੈ :

'ਭਾਵੇਂ ਵਿਸਾਖੀ ਵੇਲੇ ਕਣਕ ਪੱਕੀ ਹੁੰਦੀ ਸੀ ਤੇ ਵਾਢੀ ਜਾ ਤਾਂ ਪੈ ਜਾਂਦੀ ਜਾਂ ਪੈਣ ਵਾਲੀ ਹੁੰਦੀ ਸੀ, ਮੋਢੇ ਕਮਾਦ ਨੂੰ ਗੋਡੀ ਕਰਨੀ ਤੇ ਧਾਈਆਂ ਚਰ੍ਹੀ ਤੇ ਮਿਰਚਾਂ ਲਈ ਵਾਹਣ ਵੀ ਬਣਾਉਣ ਹੁੰਦੇ ਸਨ, ਖਰਬੂਜਿਆਂ ਦੀਆਂ ਵੇਲਾਂ ਪਾਣੀ ਮੰਗਦੀਆਂ ਸਨ, ਕਪਾਹ ਦੀ ਪਛੇਤ ਹੋਣ ਦਾ ਡਰ ਹੁੰਦਾ ਸੀ- - - ਦੀਵਾਲੀ ਲਾਗੇ ਮਕੱਈ ਦੀਆਂ ਛੱਲੀਆਂ ਭੰਨਣ ਵਾਲੀਆਂ ਹੁੰਦੀਆਂ ਕਪਾਹ ਚੁੱਗਣ ਵਾਲੀ ਹੁੰਦੀ, ਧਾਈ ਵੇਚਣ ਵਾਲੇ ਹੁੰਦੇ ਹਾੜੀ ਦੀ ਬਿਜਾਈ ਦਾ ਜ਼ੋਰ ਹੁੰਦਾ ।'[5]

ਇਸ ਤਰ੍ਹਾਂ ਬਲਬੀਰ ਮੋਮੀ ਆਪਣੀਆਂ ਕਹਾਣੀਆਂ ਵਿਚ ਵਿਸ਼ੇ ਪੱਖੋਂ ਕਿਸਾਨੀ ਜੀਵਨ ਦੀ ਯਥਾਰਥਕ ਪੇਸ਼ਕਾਰੀ ਕਰਕੇ ਇਹ ਦਸ ਜਾਂਦਾ ਹੈ ਕਿ ਉਹ ਵੀ ਇਕ ਕਿਸਾਨ ਦਾ ਪੁੱਤਰ ਹੈ ।

ਬਲਬੀਰ ਮੋਮੀ ਨੇ ਸਮਾਜ ਦੇ ਹਰ ਵਰਗ ਨੂੰ ਨੇੜਿਉ ਤੱਕਿਆ ਹੀ ਨਹੀਂ ਸਗੋਂ ਜੀਵਿਆ ਵੀ ਹੈ । ਇਹੀ ਕਾਰਨ ਹੈ ਉਸਦੀਆਂ ਕਹਾਣੀਆਂ ਸਮਾਜਿਕ ਪੱਖਾਂ ਨੂੰ ਵੀ ਵਿਸ਼ੇ ਵਜੋਂ ਉਜਾਗਰ ਕਰਦੀਆਂ ਹਨ। ਮੋਮੀ ਦੀ ਕਹਾਣੀ 'ਕੀ ਮੈਂ ਅੰਦਰ ਆ ਸਕਦਾ ਹਾਂ?' ਵਿਚ ਜਾਤ-ਪਾਤ ਦੇ ਵਿਤਕਰੇ ਨੂੰ ਵਿਸ਼ਾ ਬਣਾਇਆ

Airo National Research Journal
Volume XIII, ISSN: 2320-3914
December, 2017
Impact Factor 0.75 to 3.19
Peer Reviewed Refereed Journal
UGC Approval Number 63014

ਗਿਆ ਹੈ । ਕਹਾਣੀ ਵਿਚ ਦਿਖਾਇਆ ਗਿਆ ਹੈ ਕਿ ਜਗੀਰ ਹਰੀਜਨਾਂ ਦੇ ਘਰ ਰਹਿੰਦਾ ਹੈ, ਪਰ ਜਦੋ ਸਕੂਲ ਵਿਚ ਇਸ ਦਾ ਪਤਾ ਲਗਦਾ ਹੈ, ਤਾਂ ਸਾਰੇ ਹੀ ਮੁੰਡੇ ਉਸ ਨੂੰ ਨਫ਼ਰਤ ਕਰ ਲੱਗ ਜਾਂਦੇ ਹਨ। ਇਥੋ ਤੱਕ ਕਿ ਗਿਆਨ ਵੰਡਣ ਵਾਲੇ ਅਧਿਆਪਕ ਵੀ ਇਸ ਸਮਾਜਿਕ ਬੁਰਾਈ ਦੀ ਜਿੱਲਤ ਵਿਚ ਫਸੇ ਹੋਏ ਹਨ :

> ''ਉਧਰ ਸਕੂਲ ਪਤਾ ਲੱਗ ਗਿਆ ਕਿ ਜਗੀਰ ਨੀਵੀਂ ਜਾਤ ਵਾਲਿਆਂ ਦੇ ਘਰ ਰਹਿੰਦਾ ਹੈ । ਇਹ ਮਾਲਵੇ ਦਾ ਇਲਾਕਾ ਸੀ । ਇੱਥੇ ਬਾਹਰ ਨਾਲੋਂ ਛੂਤ-ਛਾਤ ਜਿਆਦਾ ਸੀ । ਏਸ ਕਾਰਨ ਸਾਰੇ ਮੁੰਡੇ ਉਹਨੂੰ ਨਫ਼ਰਤ ਕਰਨ ਲੱਗ ਪਏ ਉਹਨੂੰ ਘੜੇ ਵਿਚੋਂ ਪਾਣੀ ਪੀਣੋ ਵੀ ਰੋਕ ਹੋ ਗਈ ਸੀ। ਕੁਝ ਕਲਾਸ ਚੋਂ ਸਭ ਤੋਂ ਕਮਜ਼ੋਰ ਸੀ, ਇਸ ਲਈ ਮਾਸਟਰਾਂ ਨੂੰ ਵੀ ਉਹਦੇ ਕੋਲੋਂ ਨਫ਼ਰਤ ਸੀ ।''[6]

ਇਸ ਤਰ੍ਹਾਂ ਮੋਮੀ ਇਸ ਕਹਾਣੀ ਵਿਚ ਉਸ ਸਮਾਜਿਕ ਪੱਖ ਦੀ ਗੱਲ ਕਰਦਾ ਜਿਸ ਵਿਚ ਅੱਜ ਵੀ ਸਮਾਜ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ । ਕਹਾਣੀਕਾਰ ਦਸਦਾ ਹੈ ਕਿ ਜਾਤ-ਪਾਤ ਦੀਆਂ ਵਲਗਣਾਂ ਵਿਚ ਜਕੜੇ ਹੋਏ ਸਮਾਜ ਦਾ ਉਚ-ਨੀਚ ਅਤੇ ਜਾਤ-ਪਾਤ ਦੇ ਘੇਰੇ ਤੋਂ ਮੁਕਤ ਹੋ ਕੇ ਨਿਰੋਲ ਇਨਸਾਨ ਦੇ ਰੂਪ ਵਿਚ ਸੋਚ ਸਕਣਾ ਅਸੰਭਵ ਲਗਦਾ ਹੈ । ਇਸ ਵਿਚ ਕੋਈ ਸ਼ਕ ਨਹੀਂ ਕਿ ਅਜੋਕੇ ਯੁੱਗ ਦੀਆਂ ਜਟਿਲ ਸਮੱਸਿਆਵਾਂ ਦੇ ਪ੍ਰਗਟਾਉ ਲਈ ਮਨੋਵਿਗਿਆਨ ਇਕ ਅਹਿਮ ਪਹਿਲੂ ਹੈ । ਇਹ ਲੇਖਕ ਦੀ ਖਾਸੀਅਤ ਹੀ ਹੁੰਦੀ ਹੈ ਕਿ ਉਹ ਅਪਣੇ ਪਾਤਰਾਂ ਪਾਸੋਂ ਅਖਵਾ ਕੇ ਜਾਂ ਪਾਤਰਾਂ ਦੇ ਮਨ ਵਿਚ ਕੁਝ ਨਾ ਕਹਿ ਕੇ ਵੀ ਬਹੁਤ ਕੁਝ ਕਹਿ ਜਾਂਦਾ ਹੈ । ਸੋ ਕਹਾਣੀਕਾਰ ਮੋਮੀ ਦੀ ਮਨੋ ਸੰਵੇਦਨਸ਼ੀਲ ਬਿਰਤੀ ਉਸਦੇ ਸਾਹਿਤ ਦੀ ਇਕ ਹੋਰ ਬਲਵਾਨ ਪ੍ਰੇਰਕ ਸ਼ਕਤੀ ਹੈ ਜਿਸ ਰਾਹੀ

ਉਸਨੇ ਕਹਾਣੀ ਵਿਚ ਮਨੋਵਿਗਿਆਨਕ ਪੱਖਾਂ ਦੀ ਪੇਸ਼ਕਾਰੀ ਕੀਤੀ ਹੈ । ਇਸ ਪੱਖੋਂ ਜਿਵੇਂ :

ਕਹਾਣੀ 'ਜ਼ਖ਼ਮ ਫੇਰ ਉਚੜ ਗਏ' ਵਿਚ ਪਾਤਰ ਚੰਦਾ ਦੀ ਮਾਨਸਿਕ ਸਥਿਤੀ ਦਾ ਚਿਤਰਣ ਸਫ਼ਲ ਮਾਨਸਿਕ ਛੋਹਾਂ ਰਾਹੀਂ ਹੋਇਆ ਹੈ,

> ''ਉਸ ਦੀਆਂ ਪਲਕਾਂ ਥੱਲਿਉਂ ਅੱਥਰੂਆਂ ਨਾਲ ਗਿਲੀਆਂ ਹੋ ਗਈਆਂ ਉਹ ਕੁਝ ਕਹਿਣਾ ਚਾਹੁੰਦੀ ਸੀ ਪਰ ਮੈਂ ਵੇਖ ਰਿਹਾ ਸਾਂ ਕਿ ਸੰਘ ਤੋਂ ਉੱਪਰ ਉਹ ਆਪਣੀ ਗੱਲ ਲਿਆਂ ਨਹੀਂ ਸੀ ਸਕਦੀ ।''[7]

ਇਸੇ ਤਰ੍ਹਾਂ ਕਹਾਣੀ 'ਅਪਣੀ ਧੀ' ਵਿਚ ਪੇਸ਼ ਮਨੋਸਥਿਤੀ ਦੀ ਝਲਕ ਨੂੰ ਤੇ ਸਮਕਾਲੀਨ ਪਿਤਰੀ ਸੱਚ ਨੂੰ ਮਨੋਵਿਗਿਆਨ ਰਾਹੀਂ ਰੂਪਾਂਤਰ ਕੀਤਾ ਗਿਆ ਹੈ। ਵਿਸ਼ੇ ਪਖੋਂ ਇਸ ਕਹਾਣੀ ਦਾ ਉਦੇਸ਼ ਪਿਤਾ ਦੀ ਅੰਤਰ-ਆਤਮਾ ਵਿਚ ਮੌਜੂਦ ਪਿਤਰੀ-ਵਤਸਲ ਭਾਵਨਾ ਨੂੰ ਉਜਾਗਰ ਕਰਨਾ ਹੈ । ਕਹਾਣੀ ਵਿਚ ਮੁੱਖ ਪਾਤਰ ਬਲਕਾਰ ਸਿੰਘ ਦੀ ਘਰਵਾਲੀ ਉਸ ਨਾਲ ਲੜ ਕੇ ਅਤੇ ਛੋਟੇ ਦੋ ਬੱਚਿਆਂ ਨੂੰ ਨਾਲ ਲੈਕੇ ਪੇਕੇ ਚਲੀ ਜਾਂਦੀ ਹੈ ਅਤੇ ਵੱਡੇ ਦੋ ਮੁੰਡੇ ਤੇ ਛੋਟੀ ਕੁੜੀ ਨੂੰ ਬਲਕਾਰ ਸਿੰਘ ਕੋਲ ਛੱਡ ਜਾਂਦੀ ਹੈ । ਨਿਤਨੇਮ ਅਨੁਸਾਰ ਬਲਕਾਰ ਸਿੰਘ ਬੱਚਿਆਂ ਨੂੰ ਰੋਟੀ ਖਵਾਉਂਦਾ ਰਹਿੰਦਾ ਹੈ, ਪਰ ਇਕ ਦਿਨ ਅਚਾਨਕ ਦਫ਼ਤਰ ਵਿਚ ਕੋਈ ਵਾਧੂ ਕੰਮ ਪੈਣ ਕਰਕੇ ਦੇਰ ਨਾਲ ਘਰ ਆਉਂਦਾ ਹੈ ਤਾਂ ਉਸ ਦੀ ਨਿੱਕੀ ਕੁੜੀ ਵਡੇ ਦੋਵੇ ਮੁੰਡਿਆਂ ਨੂੰ ਵਿੰਗੀਆਂ ਟੇਢੀਆਂ ਅਤੇ ਕਚੀਆਂ/ਪਕੀਆਂ ਰੋਟੀ ਬਣਾ ਕੇ ਦੇ ਰਹੀ ਹੁੰਦੀ ਹੈ। ਬਲਕਾਰ ਸਿੰਘ ਨੂੰ ਦੇਖ ਕੇ ਬੱਚੀ ਪਿਤਾ ਪਿਆਰ ਦੇ ਕੋਮਲ ਰਿਸ਼ਤੇ ਦੇ ਮਾਨਵੀ ਸੱਚ ਦੀ ਪਹਿਚਾਣ ਤੋਤਲੀ ਆਵਾਜ਼ 'ਚ ਕਰਦੀ ਰਹਿੰਦੀ ਹੈ,

Airo National Research Journal
Volume XIII, ISSN: 2320-3914
December, 2017
Impact Factor 0.75 to 3.19
Peer Reviewed Refereed Journal
UGC Approval Number 63014

''ਡੈਡੀ- - ਜੀ- - ਅਸੀਂ ਕਿਹਾ, ਤੁਸੀਂ ਪਤਾ ਨਹੀਂ ਲੇਟ ਆਉਂਗੇ। ਅਸੀਂ ਆਪ ਪੀ ਆਟਾ ਗੁੰਨ ਕੇ ਰੋਟੀਆਂ ਪਕਾਉਣ ਲੱਗ ਪਏ । ਤੁਹਾਡੇ ਲਈ ਤਾਂ ਅਸੀ ਬੜੀਆਂ ਈ ਸੋਹਣੀਆਂ ਰੋਟੀਆਂ ਪਕਾਈਆਂ ਨੇ ।''[8]

ਦੂਜੇ ਪਾਸੇ ਅਪਣੀ ਲੜਨ ਭਿੜਨ ਵਾਲੀ ਵਹੁਟੀ ਦੀ ਇਸ ਭੋਲੀ ਬੱਚੀ ਹੱਥੋਂ ਰੋਟੀ ਫੜਦਿਆਂ ਬਲਕਾਰ ਸਿੰਘ ਦੇ ਮਨ ਵਿਚ ਅਪਣੀ ਕੁੜੀ ਦਾ ਏਅ ਤੇਹ ਤੇ ਪਿਆਰ ਉਮੜਦਾ ਹੈ ਕਿ ਉਹਦੀਆਂ ਅੱਖਾਂ ਗਿੱਲੀਆਂ ਹੋ ਜਾਂਦੀਆਂ ਹਨ। ਰੋਟੀ ਵਿਚ ਹੀ ਛੱਡ ਉਹ ਅਪਣੀ ਬੱਚੀ ਨੂੰ ਗਲ ਨਾਲ ਲਗਾ ਕੇ ਮਨ 'ਚ ਸੋਚਦਾ ਹੈ,

''ਇਹ ਕੁੜੀ ਕਿਤੇ ਇੱਕਲੀ ਉਸਦੀ ਘਰਵਾਲੀ ਦੀ ਧੀ ਥੋੜੀ ਦੀ ਸੀ, ਇਹ ਉਸਦੀ ਅਪਣੀ ਵੀ ਤਾਂ ਧੀ ਸੀ ।''[9]

ਇਸ ਤਰ੍ਹਾਂ ਮਨੋਵਿਗਿਆਨ ਤੌਰ 'ਤੇ ਸੰਵੇਦਨਸ਼ੀਲ ਹੋਣ ਕਰਕੇ ਕਹਾਣੀ ਕਾਰ ਮੋਮੀ ਅਪਣੇ ਲੋਕਾਂ ਦੀਆਂ ਖੁਸ਼ੀਆਂ ਤੇ ਗਮੀਆਂ ਬੇਝਿਝਕੀਆਂ, ਉਲਾਰਾਂ ਤੇ ਦੁਰਚਾਰਾਂ ਤੋਂ ਉਪਜੀ ਪੀੜ ਨਾਲ ਜ਼ਜਬਾਤੀ ਤੌਰ 'ਤੇ ਜੁੜਿਆ ਹੋਇਆ ਹੈ। ਉਹ ਕੁਲ ਲੋਕਾਈ ਦੀ ਪੀੜਗ੍ਰਸਤ ਆਤਮਾ ਲਈ ਵਿਆਕੁਲ ਤੇ ਬੇਤਾਬ ਹੈ। ਇਸ ਵਿਆਕੁਲਤਾ ਨੂੰ ਮੋਮੀ ਲਗਭਗ ਹਰ ਕਹਾਣੀ ਵਿਚ ਮਨੋਵਿਗਿਆਨਕ ਢੰਗ ਨਾਲ ਵਿਸ਼ੇ ਵਜੋਂ ਪੇਸ਼ ਕਰਦਾ ਹੈ ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਬਲਬੀਰ ਮੋਮੀ ਬੇਸੱਕ ਭਾਵੇਂ ਅੱਜ ਕਨੇਡਾ ਵਾਸੀ ਹੈ ਪਰ ਉਸਦੀ ਸਾਹਿਤਕ ਘਾਲਣਾ ਨੂੰ ਕਦੇ ਵੀ ਨਜਰਅੰਦਾਜ ਨਹੀ ਕੀਤਾ ਜਾ ਸਕਦਾ । ਉਸਦੀਆਂ ਕਹਾਣੀਆਂ ਕੇਵਲ ਇਕ ਵਿਸ਼ੇ ਤੱਕ ਹੀ ਸੀਮਤ ਨਹੀਂ ਸਗੋਂ ਉਨ੍ਹਾਂ ਵਿਚ ਵਿਸ਼ਿਆਂ ਦੀ ਬਹੁਲਤਾ ਸਪਸ਼ਟ ਨਜ਼ਰ ਆਉਂਦੀ ਹੈ । ਇਨ੍ਹਾਂ ਕਹਾਣੀਆਂ ਵਿਚ ਦੇਸ਼ ਵੰਡ ਦੇ ਦੁਖਾਂਤ ਤੋ ਲੈਕ, ਕਿਸਾਨੀ ਜੀਵਨ

Airo National Research Journal
Volume XIII, ISSN: 2320-3914
December, 2017
Impact Factor 0.75 to 3.19
Peer Reviewed Refereed Journal
UGC Approval Number 63014

ਦੇ ਨਾਲ ਸਮਾਜਿਕ, ਮਨੋਵਿਗਿਆਨਕ, ਆਰਥਿਕ ਪੱਖਾਂ ਨੂੰ ਵੀ ਵਿਸ਼ੇ ਵਜੋਂ ਪੇਸ਼ ਕੀਤਾ ਗਿਆ ਹੈ । ਸੋ ਇਨ੍ਹਾਂ ਕਹਾਣੀਆਂ ਰਾਹੀਂ ਬਲਬੀਰ ਮੋਮੀ ਨੇ ਸ਼ਿਖਰ ਦਾ ਮੁਕਾਮ ਹੀ ਹਾਸਲ ਨਹੀਂ ਕੀਤਾ ਸਗੋਂ ਪਾਠਕਾਂ ਨੂੰ ਸੋਚਣ ਲਈ ਮਜ਼ਬੂਰ ਵੀ ਕੀਤਾ ਹੈ ।

## ਹਵਾਲੇ ਅਤੇ ਟਿਪੱਣੀਆਂ

1 ਬਲਬੀਰ ਮੋਮੀ, 'ਸਰ ਦਾ ਬੂਝਾ', ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1973, ਪੰਨਾ 24

2 ਉਹੀ, ਪੰਨਾ 25

3 ਉਹੀ, ਪੰਨਾ 26

4 ਉਹੀ, ਪੰਨਾ 32

5 ਉਹੀ, ਪੰਨਾ 33-34

6 ਉਹੀ, ਪੰਨਾ 43

7 ਉਹੀ, ਪੰਨਾ 106

8 ਉਹੀ, ਪੰਨਾ 14

9 ਉਹੀ, ਪੰਨਾ 15